# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 10/73-2004 ਅਮਲਾ-3 (4) ਕੋ:ਸੈ:4
ਮਿਤੀ, ਐਸ.ਏ.ਐਸ.ਨਗਰ :- 12-02-2015

ਸ਼੍ਰੀਮਤੀ ਮਨਿੰਦਰਪਾਲ ਕੌਰ, ਸਾਇੰਸ ਮਿਸਟਰੈਸ, ਸਰਕਾਰੀ ਕੰਨਿਆ ਹਾਈ ਸਕੂਲ ਨੌਸ਼ਹਿਰਾ ਪਨੂੰਆ ਅੰਮ੍ਰਿਤਸਰ ਹੁਣ ਤਰਨਤਾਰਨ ਨੂੰ ਡਾਇਰੈਕਟੋਰੇਟ ਦੇ ਹੁਕਮ ਨੰ: 10/73-04 ਅ3(4) ਮਿਤੀ 10-06-2004/14-07-2004 ਰਾਂਹੀ ਮਿਤੀ 26-12-2000 ਤੋਂ ਗੈਰਹਾਜਰ ਰਹਿਣ ਕਾਰਨ ਮੇਜਰ ਸਜਾ ਦੇਣ ਲਈ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੀ ਧਾਰਾ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਦੋਸ਼ ਸੂਚੀ ਦੇ ਸਨਮੁੱਖ ਕਰਮਚਾਰਨ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਬਲਕਿ ਆਪਣੇ ਪੱਤਰ ਮਿਤੀ 05-08-2005 ਰਾਹੀਂ ਅਸਤੀਫਾ ਭੇਜ ਦਿੱਤਾ ਗਿਆ। ਸਬੰਧਤ ਕਰਮਚਾਰਨ ਵਿਰੁੱਧ ਮੇਜਰ ਸਜਾਵਾਂ ਅਧੀਨ ਕਾਰਵਾਈ ਚੱਲ ਰਹੀ ਹੋਣ ਅਸਤੀਫਾ ਪ੍ਰਵਾਨ ਨਹੀਂ ਕੀਤਾ ਗਿਆ। ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਪੜਤਾਲ ਕਰਨ ਲਈ ਸ਼੍ਰੀਮਤੀ ਨੀਲਮ ਭਗਤ ਨੂੰ ਡਾਇਰੈਕਟੋਰੇਟ ਵੱਲੋਂ ਹੁਕਮ ਨੰ:10/73-04 ਅ3(4) ਮਿਤੀ 16-08-2006/25-08-2006 ਰਾਹੀਂ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਪੱਤਰ ਨੰ: ਵਿਭਾਗੀ ਪੜਤਾਲ/07-1255 ਮਿਤੀ 12-07-12 ਰਾਂਹੀ ਕਰਮਚਾਰਨ ਵਿਰੁੱਧ ਮਿਤੀ 26-12-2000 ਤੋਂ ਲਗਾਤਾਰ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਹੋਣ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ। ਸ਼੍ਰੀਮਤੀ ਮਨਿੰਦਰਪਾਲ ਕੌਰ, ਸਾਇੰਸ ਮਿਸਟਰੈਸ, ਸਰਕਾਰੀ ਕੰਨਿਆ ਹਾਈ ਸਕੂਲ ਨੌਸ਼ਹਿਰਾ ਪਨੂੰਆ ਅੰਮ੍ਰਿਤਸਰ ਹੁਣ ਤਰਨਤਾਰਨ ਲਈ ਕੁਦਰਤੀ ਇਨਸਾਫ ਨੂੰ ਮੁੱਖ ਰਖਦਿਆਂ ਮਿਤੀ 20-07-2011 ਨੂੰ ਦੋ ਅਖਬਾਰਾਂ ਵਿੱਚ ਪਬਲਿਕ-ਨੋਟਿਸ ਛਪਵਾਇਆ ਗਿਆ। ਜਿਸ ਰਾਹੀਂ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਪੱਖ ਪੇਸ਼ ਕਰੇ। ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰਨ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਕਰਮਚਾਰਨ ਵਲੋਂ ਮਿਤੀ 26-12-2000 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੋਰ ਤੇ ਗੈਰ-ਹਾਜਰ ਹੋਣ ਕਾਰਣ ਬੱਚਿਆ ਦੀ ਪੜ੍ਹਾਈ ਦਾ ਨੁਕਸਾਨ ਹੋਇਆ ਹੈ। ਸ਼ਪਸਟ ਹੈ ਕਿ ਸ਼੍ਰੀਮਤੀ ਮਨਿੰਦਰਪਾਲ ਕੌਰ, ਸਾਇੰਸ ਮਿਸਟਰੈਸ, ਸਰਕਾਰੀ ਕੰਨਿਆ ਹਾਈ ਸਕੂਲ ਨੌਸ਼ਹਿਰਾ ਪਨੂੰਆ ਅੰਮ੍ਰਿਤਸਰ ਹੁਣ ਤਰਨਤਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਵਿਚ ਦਿੱਤੀਆ ਸ਼ਕਤੀਆਂ ਦੀ ਵਰਤੋ ਕਰਦੇ ਹੋਏ ਸ਼੍ਰੀਮਤੀ ਮਨਿੰਦਰਪਾਲ ਕੌਰ, ਸਾਇੰਸ ਮਿਸਟਰੈਸ, ਸਰਕਾਰੀ ਕੰਨਿਆ ਹਾਈ ਸਕੂਲ ਨੌਸ਼ਹਿਰਾ ਪਨੂੰਆ ਅੰਮ੍ਰਿਤਸਰ ਹੁਣ ਤਰਨਤਾਰਨ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 26-12-2000 ਤੋਂ ਲਗਾਤਾਰ ਜਾਣਬੁਝ ਕੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ 2519-22
ਮਿਤੀ, ਐਸ.ਏ.ਐਸ.ਨਗਰ :- 13-02-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ) ਤਰਨਤਾਰਨ ਨੂੰ ਕਰਮਚਾਰਨ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ ਮੁੱਖਅਧਿਆਪਕ, ਸਰਕਾਰੀ ਕੰਨਿਆ ਹਾਈ ਸਕੂਲ ਨੌਸ਼ਹਿਰਾ ਪਨੂੰਆ (ਅੰਮ੍ਰਿਤਸਰ) ਤਰਨਤਾਰਨ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ, ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਮਨਿੰਦਰਪਾਲ ਕੌਰ, ਸਾਇੰਸ ਮਿਸਟਰੈਸ, ਸਰਕਾਰੀ ਕੰਨਿਆ ਹਾਈ ਸਕੂਲ ਨੌਸ਼ਹਿਰਾ ਪਨੂੰਆ (ਅੰਮ੍ਰਿਤਸਰ) ਤਰਨਤਾਰਨ।

13/2/15
ਸੁਪਰਡੰਟ ਕੋਆਰਡੀਨੇਸ਼ਨ ਸੈਲ